ਪੰ.ਏ./ਏ.ਟੀ.ਟੀ.ਈ. (ਐ
ਡਾਇਰੀ ਨੰ. 1723
ਮਿਤੀ : 21-9-10

ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,
ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਵਿਭਾਗ,
ਚੰਡੀਗੜ੍ਹ।

ਮੀਮੋ ਨੰ: ਪੀ.ਐਸ./ਸਕੱਤਰ/32
ਮਿਤੀ 15 ਸਤੰਬਰ, 2010

ਵਿਸ਼ਾ:- ਫੀਸ ਮੁਆਫ਼ੀ ਸਕੀਮ

ਸ੍ਰੀਮਾਨ ਜੀ,

ਤਕਨੀਕੀ ਸਿੱਖਿਆ ਵਿਭਾਗ ਵਲੋਂ ਫੀਸ ਮੁਆਫ਼ੀ ਸਕੀਮ ਸਬੰਧੀ ਇਕ ਨੋਟੀਫਿਕੇਸ਼ਨ ਨੰ:13/06/08-13ਸਿ2/2650 ਮਿਤੀ 24.6.2010 ਨੂੰ ਜਾਰੀ ਕੀਤੀ ਗਈ ਸੀ। ਜਿਸ ਵਿੱਚ ਡਿਪਲੋਮਾ ਕੋਰਸ ਲਈ ਅਰਜ਼ੀਆ ਲੈਣ ਅਤੇ ਕੌਂਸਲਿੰਗ ਕਰਨ ਦੀ ਜ਼ਿੰਮੇਵਾਰੀ ਪੰਜਾਬ ਰਾਜ ਤਕਨੀਕੀ ਸਿੱਖਿਆ ਬੋਰਡ ਨੂੰ ਦਿੱਤੀ ਗਈ ਸੀ।

2. ਕਿਉਂਜੋ ਇੰਜੀਨੀਅਰਿੰਗ ਕਾਲਜਾਂ (ਡਿਗਰੀ ਲੈਵਲ) ਵਿੱਚ ਫੀਸ ਮੁਆਫ਼ੀ ਸਕੀਮ ਬਾਰੇ ਹੁਣ ਤਕ ਕੋਈ ਅੰਤਮ ਫੈਸਲਾ ਨਹੀਂ ਸੀ ਹੋ ਸਕਿਆ, ਇਸ ਲਈ ਪੰਜਾਬ ਤਕਨੀਕੀ ਸਿੱਖਿਆ ਬੋਰਡ ਵਲੋਂ ਇਸ ਸਬੰਧੀ ਕੋਈ ਅਮਲ ਨਹੀਂ ਕੀਤਾ ਗਿਆ ਹੈ। ਇਥੇ ਇਹ ਵੀ ਦੱਸਿਆ ਜਾਂਦਾ ਹੈ ਕਿ ਬੋਰਡ ਵਲੋਂ ਇਸ ਤਰ੍ਹਾਂ ਦਾ ਉਪਰਾਲਾ ਪਹਿਲੀ ਵਾਰੀ ਕੀਤਾ ਜਾਣਾ ਸੀ ਅਤੇ ਪਿਛਲੇ ਸਾਲਾਂ ਵਿੱਚ ਇਸ ਸਬੰਧੀ ਬੋਰਡ ਵਲੋਂ ਕੋਈ ਕਾਰਵਾਈ ਨਹੀਂ ਕੀਤੀ ਗਈ। ਇਸ ਵੇਲੇ ਬੋਰਡ ਵਿੱਚ ਡਿਪਲੋਮਾ ਅਤੇ ਆਈ.ਟੀ.ਆਈ. ਦੇ ਪੇਪਰਾਂ ਦੀ ਚੈਕਿੰਗ ਅਤੇ ਰਿਜ਼ਲਟ ਡਿਕਲੇਅਰ ਕਰਨ ਦੀ ਪ੍ਰੀਕ੍ਰਿਆ ਜੋਰਾਂ ਤੇ ਹੈ। ਇਸਤੋਂ ਇਲਾਵਾ ਬੋਰਡ ਇਸ ਵੇਲੇ ਰੀਪੀਅਰ ਦੇ ਪੇਪਰਾਂ ਦੀ ਸਪੈਸ਼ਲ ਪ੍ਰੀਖਿਆ ਵੀ ਲੈ ਰਿਹਾ ਹੈ ਅਤੇ ਦਾਖਲੇ ਕਰਨ ਲਈ ਬਾਕੀ ਰਹਿੰਦਾ ਸਮਾਂ ਕਾਫ਼ੀ ਘੱਟ ਰਹਿ ਗਿਆ ਹੈ। ਇਸ ਲਈ ਫੀਸ ਮੁਆਫ਼ੀ ਸਬੰਧੀ ਦਰਖਾਸਤਾਂ ਪ੍ਰਾਪਤ ਕਰਨ ਦਾ ਕੰਮ ਕਾਲਜਾਂ ਨੂੰ ਸਿਧੇ ਆਪਣੀ ਪੱਧਰ ਤੇ ਕਰਨ ਲਈ ਕਿਹਾ ਜਾਵੇ ਅਤੇ ਉਨ੍ਹਾਂ ਨੂੰ ਇਹ ਵੀ ਹਦਾਇਤ ਕੀਤੀ ਜਾਣੀ ਚਾਹੀਦੀ ਹੈ ਕਿ ਉਹ ਯੋਗ ਉਮੀਦਵਾਰਾਂ ਨੂੰ ਇਸ ਸਕੀਮ ਦਾ ਲਾਭ ਦੇਣ।

3. ਬੋਰਡ ਇਸ ਸਕੀਮ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਇਕ ਪਬਲਿਕ ਨੋਟਿਸ (ਡਰਾਫਟ ਨੋਟਿਸ ਨਥੀ ਹੈ) ਕੱਢ ਦੇਵੇਗਾ ਅਤੇ ਸਕੀਮ ਦਾ ਪੂਰਾ ਵੇਰਵਾ ਬੋਰਡ ਦੀ ਵੈਬਸਾਇਟ ਤੇ ਵੀ ਪਾ ਦਿੱਤਾ ਜਾਵੇਗਾ ਤਾਕਿ ਵੱਧ ਤੋਂ ਵੱਧ ਵਿਦਿਆਰਥੀ ਇਸ ਸਕੀਮ ਦਾ ਫਾਇਦਾ ਲੈ ਸਕਣ। ਇਸ ਸਬੰਧੀ ਬੋਰਡ ਸਾਰੇ ਕਾਲਜਾਂ ਨੂੰ ਹਦਾਇਤਾ ਵੀ ਜਾਰੀ ਕਰ ਦੇਵੇਗਾ। ਇਸ ਤੋਂ ਇਲਾਵ ਕਾਲਜਾਂ ਨੂੰ ਵੀ ਆਪਣੇ ਪੱਧਰ ਤੇ ਨੋਟਿਸ ਜਾਰੀ ਕਰਨ ਲਈ ਕਿਹਾ ਜਾਵੇਗਾ। ਇਸ ਸਕੀਮ ਅਧੀਨ ਜਿੰਨ੍ਹੇ ਵੀ ਵਿਦਿਆਰਥੀਆਂ ਨੂੰ ਕਾਲਜ਼ ਦਾਖਲਾ ਦੇਣਗੇ ਉਸ ਬਾਰੇ ਮੁਕੰਮਲ ਰਿਪੋਰਟ ਕਾਲਜ ਬੋਰਡ ਨੂੰ ਅਤੇ ਸਰਕਾਰ ਨੂੰ ਭੇਜਣਗੇ।

4. ਉਪਰੋਕਤ ਦਰਸਾਈ ਸਥਿਤੀ ਨੂੰ ਧਿਆਨ ਵਿੱਚ ਰਖੱਦੇ ਹੋਏ ਇਹ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸਬੰਧੀ ਲੋੜੀਂਦੀਆਂ ਹਦਾਇਤਾਂ ਜਾਰੀ ਕਰਨ ਦੀ ਕਿਰਪਾਲਤਾ ਕੀਤੀ ਜਾਵੇ ਜੀ।

ਸਕੱਤਰ,
ਪੰਜਾਬ ਰਾਜ ਤਕਨੀਕੀਤ ਸਿੱਖਿਆ ਤੇ
ਉਦਯੋਗਿਕ ਸਿਖਲਾਈ ਬੋਰਡ

# FEE WAIVER SCHEME OF PUNJAB GOVERNMENT IN POLYTECHNIC COLLEGES OF PUNJAB

Seats are available for admission to diploma courses in various affiliated polytechnic colleges (List is available on the website) under the fee waiver scheme. Interested candidates may submit their application on plain paper to the college from 20th to 25th Sept. 2010. Details of the scheme are available on www.punjabteched.com and www.punjabteched.net.

Secretary

**THE PUNJAB STATE BOARD OF TECHNICAL EDUCATION AND INDUSTRIAL TRAINING**

1-A, Sec 36-A, Chandigarh Ph: 2615385, 2622584-85

TECHNICAL EDUCATION : A PROMISE FOR SECURE FUTURE